# ਦਫਤਰ ਡਾਇਰੈਕਟਰ ਐਸ.ਸੀ.ਈ.ਆਰ.ਟੀ. ਪੰਜਾਬ

ਬਲਾਕ-ਈ, ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਛੇਵੀਂ ਮੰਜਿਲ, ਫੇਜ਼-8, ਮੋਹਾਲੀ, ਫੋਨ ਨੰ: 0172-2212221

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.)/ (ਐ.ਸਿੱ.),
ਸਮੂਹ ਪ੍ਰਿੰਸੀਪਲ ਡਾਇਟ,
ਸਮੂਹ ਸਕੂਲ ਮੁੱਖੀ (ਵੈੱਬਸਾਈਟ ਰਾਹੀਂ),
ਪੰਜਾਬ।

ਮੀਮੋ ਨੰ.SCERT,QP/UP/2022-5934 ਮਿਤੀ:-07-01-2022

**ਵਿਸ਼ਾ:- 6ਵੀਂ ਤੋਂ 10ਵੀਂ ਜਮਾਤਾਂ ਲਈ Math Olympiad ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਜਿਵੇਂ ਕਿ ਆਪ ਜੀ ਨੂੰ ਪਤਾ ਹੈ ਕਿ ਸਕੂਲ ਸਿੱਖਿਆ ਵਿਭਾਗ, ਪੰਜਾਬ ਵੱਲੋਂ ਸਮੇਂ ਸਮੇਂ ਤੇ ਗਣਿਤ ਵਿਸ਼ੇ ਪਰਿਪੱਕਤਾ ਲਿਆਉਣ ਅਤੇ ਭਵਿੱਖ ਵਿੱਚ ਆਉਣ ਵਾਲੇ ਗਣਿਤ ਮੁਕਾਬਲਿਆਂ ਲਈ ਤਿਆਰ ਕਰਨ ਲਈ Math Olympiad ਕਰਵਾਇਆ ਜਾ ਰਿਹਾ ਹੈ।

3.0 ਇਹ Math Olympiad 6ਵੀਂ ਤੋਂ 10ਵੀਂ ਜਮਾਤਾਂ ਲਈ ਵੱਖਰਾ ਵੱਖਰਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ 6ਵੀਂ ਤੋਂ 10ਵੀਂ ਦੇ ਵੱਧ ਤੋਂ ਵੱਧ ਵਿਦਿਆਰਥੀ ਭਾਗ ਲੈਣਗੇ।

4.0 ਇਸ ਲਈ ਵਿਭਾਗ ਵੱਲੋਂ ਹਰੇਕ ਜਮਾਤ ਦੀ Math Olympiad tool ਦੀ ਸਾਫਟਕਾਪੀ ਭੇਜੀ ਜਾਵੇਗੀ। ਇਸ ਸਾਫਟਕਾਪੀ ਤੋਂ ਲੋੜੀਂਦੀ ਗਿਣਤੀ ਵਿੱਚ ਸਕੂਲ ਪੱਧਰ ਤੇ printouts ਲੈ ਲਏ ਜਾਣਗੇ।

a. ਇਹ Olympiad ਮਿਤੀ ਜਨਵਰੀ 21, 2022 ਨੂੰ ਸਵੇਰੇ 10:30 ਵਜੇ ਤੋਂ 11:30 ਵਜੇ ਤਕ ਲਿਆ ਜਾਵੇਗਾ।

b. ਇਸ Math Olympiad ਦਾ ਨਤੀਜਾ ਮਿਤੀ 31-01-2022 ਤੱਕ ਸਬੰਧਤ BM ਨੂੰ ਦੇ ਦਿੱਤਾ ਜਾਵੇ ਜੀ ਤਾਂ ਜੋ ਵਿਦਿਆਰਥੀਆਂ ਦੀ ਮੈਰਿਟ ਲਿਸਟ ਤਿਆਰ ਕੀਤੀ ਜਾ ਸਕੇ।

5.0 ਇਹ Olympiad ਮੁਕਾਬਲੇ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਗਣਿਤ ਸਿੱਖਣ ਲਈ ਉਤਸ਼ਾਹਤ ਕਰਨ ਲਈ ਹੇਠ ਲਿਖੇ ਅਨੁਸਾਰ ਮੈਰਿਟ ਸਰਟੀਫਿਕੇਟ ਅਤੇ ਨਕਦ ਰਾਸ਼ੀ ਇਨਾਮ ਵਜੋਂ ਦਿੱਤੀ ਜਾਵੇਗੀ। ਇਸ ਲਈ ਛੇਵੀਂ ਤੋਂ ਦਸਵੀਂ ਤੱਕ ਹਰੇਕ ਜਮਾਤ ਦੀ ਵੱਖ ਵੱਖ ਮੈਰਿਟ ਸੂਚੀ ਤਿਆਰ ਕੀਤੀ ਜਾਵੇਗੀ ਜਿਸ ਲਈ ਇਨਾਮ ਦੀ ਰਾਸ਼ੀ ਜਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ. | ਜਮਾਤ | ਗਿਣਤੀ | ਇਨਾਮ ਦਿੱਤੇ ਜਾਣ ਵਾਲੀ ਰਾਸ਼ੀ ਅਤੇ ਮੈਰਿਟ ਸਰਟੀਫਿਕੇਟ |
|---|---|---|---|
| 1 | 6ਵੀਂ | ਪਹਿਲੇ 1000 ਵਿਦਿਆਰਥੀ | 500 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| 2 | 7ਵੀਂ | ਪਹਿਲੇ 1000 ਵਿਦਿਆਰਥੀ | 500 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| 3 | 8ਵੀਂ | ਪਹਿਲੇ 1000 ਵਿਦਿਆਰਥੀ | 500 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |

| | | | |
|---|---|---|---|
| 4 | 9ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |
| 5 | 10ਵੀਂ | ਪਹਿਲੇ 1000 ਵਿਦਿਆਰਥੀ | 1000 ਰੁ. ਪ੍ਰਤੀ ਵਿਦਿਆਰਥੀ ਅਤੇ ਮੈਰਿਟ ਸਰਟੀਫਿਕੇਟ |

6.0 ਇਸ ਮੁਕਾਬਲੇ ਵਿੱਚ ਜਮਾਤ 6ਵੀਂ ਤੋਂ 8ਵੀਂ ਤਕ 30 MCQs ਅਤੇ ਜਮਾਤ 9ਵੀਂ ਤੋਂ 10ਵੀਂ ਤਕ 35 MCQs ਪੁੱਛੇ ਜਾਣਗੇ।

7.0 Olympiad ਦੇ ਪ੍ਰਸ਼ਨ ਜਮਾਤ syllabus ਅਧਾਰਤ Learning Outcomes ਅਤੇ ਮਾਨਸਿਕ ਯੋਗਤਾ ਤੇ ਅਧਾਰਤ ਹੋਣਗੇ।

8.0 ਇਸ Olympiad ਦੇ ਸਫਲ ਸੰਚਾਲਨ ਲਈ ਸਮੂਹ DEO(SE) ਨੂੰ DEO(EE) ਰਾਹੀਂ 4000 ਰੁਪਏ ਪ੍ਰਤੀ ਬਲਾਕ ਸੰਚਾਲਨ ਲਈ ਹੈਡ ਆਫਿਸ ਵੱਲੋਂ ਇਹ ਰਾਸ਼ੀ ਭੇਜੀ ਜਾ ਰਹੀ ਹੈ।

9.0 Olympiad ਵਿੱਚ ਮੈਰਿਟ ਲਈ ਸਹੀ ਵਿਦਿਆਰਥੀਆਂ ਦੀ ਚੋਣ ਲਈ ਸਮੂਹ DEO(SE), ਸਮੂਹ ਡਿਪਟੀ DEO(SE), ਸਮੂਹ ਪ੍ਰਿੰਸੀਪਲ ਡਾਇਟ, ਸਮੂਹ BPEO ਅਤੇ ਸਮੂਹ DMs/BMs ਦੀ Supervisor/Monitoring ਦੀ ਡਿਊਟੀ ਲਗਾਈ ਜਾਵੇ। ਇਹ Olympiad ਦਾ ਸੰਚਾਲਨ ਸਮੂਹ DEO(SE) ਦੀ ਦੇਖ-ਰੇਖ ਵਿਚ ਸਮੂਹ DMs ਅਤੇ BMs ਦੁਆਰਾ ਸਕੂਲ ਪੱਧਰ ਤੇ ਕੀਤਾ ਜਾਵੇਗਾ।

10.0 ਸਮੂਹ ਅਧਿਆਪਕਾਂ ਅਤੇ ਵਿਦਿਆਰਥੀ ਵਰਗ ਦੀ ਸਹੂਲਤ ਲਈ ਪੱਤਰ ਨਾਲ Olympiad ਦਾ specimen questions ਵੀ ਜਲਦੀ ਹੀ ਸ਼ੇਅਰ ਕਰ ਦਿੱਤਾ ਜਾਵੇਗਾ ਜੀ।

11.0 ਜੇਕਰ COVID-19 ਕਾਰਣ ਸਕੂਲ ਬੰਦ ਰਹਿੰਦੇ ਹਨ ਤਾਂ ਇਹ Olympiad online conduct ਕੀਤਾ ਜਾਵੇਗਾ ਇਸ ਲਈ ਹਰੇਕ ਵਿਦਿਆਰਥੀ ਨੂੰ ਉਸਦੇ ਸਕੂਲ ਆਈ.ਡੀ ਬਾਰੇ ਜਾਣਕਾਰੀ ਦਿੱਤੀ ਜਾਵੇ।

ਨੋਟ:- Olympiad ਦੌਰਾਨ ਵਿਦਿਆਰਥੀਆਂ ਨੂੰ rough ਕੰਮ ਕਰਨ ਲਈ ਸਕੂਲ ਵੱਲੋਂ ਖਾਲੀ sheet ਮੁਹਈਆ ਕਰਵਾਈ ਜਾਵੇ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

ਸਹਾਇਕ ਡਾਇਰੈਕਟਰ,

ਐਸ.ਸੀ.ਈ.ਆਰ.ਟੀ,ਪੰਜਾਬ।